**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ

ਮੀਮੋ ਨੰ ਐਮਡੀਐਮਸੀ/1464-83

ਮਿਤੀ ਚੰਡੀਗੜ੍ਹ 22 ਅਪ੍ਰੈਲ, 2010

**ਵਿਸ਼ਾ** **ਸਕੂਲਾਂ ਦੇ ਵਿੱਚ ਮਿਡ ਡੇ ਮੀਲ ਤਹਿਤ ਕਣਕ ਅਤੇ ਚਾਵਲ ਮੁਹੱਈਆ ਕਰਵਾਉਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਮਿਡ ਡੇ ਮੀਲ ਸਕੀਮ ਤਹਿਤ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਦੇ ਗੁਦਾਮ ਤੋਂ ਕਣਕ ਅਤੇ ਚਾਵਲ ਦੀ ਲਿਫਟਿੰਗ ਐਫ.ਸੀ.ਆਈ. ਵੱਲੋਂ ਰਲੀਜ ਆਰਡਰ ਜਾਰੀ ਕਰਨ ਉਪਰੰਤ ਲਿਫਟ ਕੀਤਾ ਜਾਂਦਾ ਹੈ । ਇਸ ਸਮੇ ਮੁੱਖ ਦਫਤਰ ਵੱਲੋਂ ਐਫ.ਸੀ.ਆਈ. ਅਤੇ ਭਾਰਤ ਸਰਕਾਰ ਨਾਲ ਰਾਬਤਾ ਰੱਖਦੇ ਹੋਇਆ ਸਾਰੇ ਜ਼ਿਲ੍ਹਿਆ ਲਈ ਰਲੀਜ ਆਰਡਰ ਜਾਰੀ ਕਰਵਾਏ ਜਾ ਚੁੱਕੇ ਹਨ । ਹੁਣ ਇਨ੍ਹਾਂ ਰਲੀਜ ਆਰਡਰਾਂ ਦੇ ਅਨੁਸਾਰ ਐਫ.ਸੀ.ਆਈ. ਗੁਦਾਮ ਤੋਂ ਅਨਾਜ ਲਿਫਟ ਕਰਨ ਉਪਰੰਤ ਸਕੂਲਾਂ ਤੀਕ ਪਹੁੰਚਾਉਣ ਦੀ ਲੋੜ ਹੈ ।

3.0 ਆਪ ਜੀ ਨੂੰ ਇਹ ਵੀ ਪਤਾ ਹੋਵੇਗਾ ਕਿ ਭਾਰਤ ਸਰਕਾਰ ਦੀਆ **ਹਦਾਇਤਾਂ ਅਨੁਸਾਰ ਐਫ.ਸੀ.ਆਈ. ਗੁਦਾਮ ਤੋਂ ਚੰਗੀ ਕੁਆਲਿਟੀ ਦੇ ਫੂਡਗਰੇਨ ਚੁਕਵਾਉਣ ਦੀ ਸਾਰੀ ਜਿੰਮੇਵਾਰੀ ਸਬੰਧਤ ਜਿਲਾ ਕੁਲੈਕਟਰ ਦੀ ਹੈ** । ਇਸ ਸਬੰਧ ਵਿੱਚ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਜਿਲੇ ਦੇ ਸਾਰੇ ਸਕੂਲਾਂ ਦੇ ਵਿੱਚ ਲੋੜੀਂਦਾ ਅਨਾਜ

ਐਫ.ਸੀ.ਆਈ. ਗੁਦਾਮ ਤੋ ਲਿਫਟ ਕਰਵਾਉਣ ਉਪਰੰਤ ਸਕੂਲਾਂ ਵਿੱਚ ਮੁਹੱਈਆ ਕਰਵਾਇਆ ਜਾਵੇ । ਇਸ ਅਨਾਜ ਦੀ ਢੋਆ ਢੁਆਈ ਲਈ ਸਰਕਾਰ ਵੱਲੋਂ ਇਹ ਡਿਊਟੀ ਪਨਸਪ ਨੂੰ ਸੌਂਪੀ ਗਈ ਹੈ ।

4.0 ਇਹ ਵੀ ਲਿਖਿਆ ਜਾਂਦਾ ਹੈ ਕਿ ਐਫ.ਸੀ.ਆਈ. ਤੋਂ ਚੁੱਕੇ ਅਨਾਜ ਦੀ ਸਰਕਾਰ ਵੱਲੋਂ ਤੈਅ ਕੀਤੇ ਰੇਟਾਂ ਅਨੁਸਾਰ ਜਿਲਾ ਪੱਧਰ ਤੇ ਹੀ ਅਦਾਇਗੀ ਕੀਤੀ ਜਾਣੀ ਹੈ ਜਿਸ ਲਈ ਫੰਡ ਜਿਲਾ ਸਿੱਖਿਆ ਅਫਸਰਾਂ ਨੂੰ ਮੁਹੱਈਆ ਕਰਵਾਏ ਜਾ ਚੁੱਕੇ ਹਨ । ਜਿਨ੍ਹਾਂ ਜਿਲਾ ਸਿੱਖਿਆ ਅਫਸਰਾਂ ਨੂੰ ਹੋਰ ਫੰਡਾ ਦੀ ਲੋੜ ਹੈ, ਓਨ੍ਹਾਂ ਨੂੰ ਇਹ ਫੰਡ ਹੋਰ ਮੁਹੱਈਆ ਕਰਵਾ ਦਿੱਤੇ ਜਾਣਗੇ । ਭਾਰਤ ਸਰਕਾਰ ਵੱਲੋ ਲਏ ਗਏ ਫੈਸਲੇ ਅਨੁਸਾਰ ਐਫ.ਸੀ.ਆਈ. ਵੱਲੋਂ ਅਨਾਜ ਬਾਰੇ ਬਿਲ ਦੇਣ ਤੋਂ 20 ਦਿਨਾਂ ਵਿੱਚ ਅਦਾਇਗੀ ਕੀਤੀ ਜਾਣੀ ਹੈ । ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧ ਵਿੱਚ ਲੋੜੀਂਦੀ ਕਾਰਵਾਈ ਨਿਯਮਾਂ ਅਨੁਸਾਰ ਤੁਰੰਤ ਕੀਤੀ ਜਾਵੇ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਹੇਠਾ ਲਿਖਿਆਂ ਨੂੰ ਭੇਜਿਆ ਜਾਂਦਾ ਹੈ :-

1. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ ।
2. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
3. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਹੇਠਾ ਲਿਖਿਆਂ ਨੂੰ ਵੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ
2. ਮੈਨੇਜਿੰਗ ਡਾਇਰੈਕਟਰ, ਪਨਸਪ, ਸੈਕਟਰ 34ਏ, ਚੰਡੀਗੜ੍ਹ
3. ਸੀਨੀਅਰ ਰਿਜਨਲ ਮੈਨੇਜਰ, ਫੂਡ ਕਾਰਪੋਰੇਸ਼ਨ ਆਫ ਇੰਡੀਆ, ਚੰਡੀਗੜ੍ਹ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ